# Telephone conversation between Prime Minister and Prime Minister of Mauritius

May 23, 2020

## ਪ੍ਰਧਾਨ ਮੰਤਰੀ ਅਤੇ ਮਾਰੀਸ਼ਸ ਦੇ ਪ੍ਰਧਾਨ ਮੰਤਰੀ ਦਰਮਿਆਨ ਟੈਲੀਫੋਨ 'ਤੇ ਹੋਈ ਗੱਲਬਾਤ

23 ਮਈ, 2020

ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਅੱਜ ਮਾਰੀਸ਼ਸ ਦੇ ਪ੍ਰਧਾਨ ਮੰਤਰੀ ਮਹਾਮਹਿਮ ਪ੍ਰਵਿੰਦ ਜੱਗਨਾਥ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ।

ਪ੍ਰਧਾਨ ਮੰਤਰੀ ਜੱਗਨਾਥ ਨੇ ਚੱਕਰਵਾਤੀ ਤੂਫ਼ਾਨ ਅਮਫਾਨ ਕਾਰਨ ਭਾਰਤ ਵਿੱਚ ਹੋਏ ਨੁਕਸਾਨ 'ਤੇ ਦੁੱਖ ਪ੍ਰਗਟ ਕੀਤਾ। ਉਨ੍ਹਾਂ ਨੇ ਮਾਰੀਸ਼ਸ ਦੇ ਸਿਹਤ ਅਧਿਕਾਰੀਆਂ ਨੂੰ COVID -19 ਮਹਾਂਮਾਰੀ ਨਾਲ ਜੰਗ ਵਿੱਚ ਮਦਦ ਕਰਨ ਲਈ 'ਆਪ੍ਰੇਸ਼ਨ ਸਾਗਰ' ਦੇ ਹਿੱਸੇ ਵਜੋਂ ਦਵਾਈਆਂ ਦੀ ਖੇਪ ਅਤੇ 14 ਮੈਂਬਰੀ ਮੈਡੀਕਲ ਟੀਮ ਵਾਲਾ ਭਾਰਤੀ ਨੇਵਲ ਜਹਾਜ਼ 'ਕੇਸਰੀ' ਭੇਜਣ ਲਈ ਪ੍ਰਧਾਨ ਮੰਤਰੀ ਨੂੰ ਦਾ ਸ਼ੁਕਰੀਆ ਅਦਾ ਕੀਤਾ।

ਪ੍ਰਧਾਨ ਮੰਤਰੀ ਨੇ ਭਾਰਤੀ ਅਤੇ ਮਾਰੀਸ਼ਸ ਦੇ ਲੋਕਾਂ-ਤੋਂ-ਲੋਕਾਂ ਵਾਲੇ ਸਬੰਧਾਂ ਨੂੰ ਯਾਦ ਕਰਦੇ ਹੋਏ ਕਿਹਾ ਕਿ ਇਸ ਸੰਕਟ ਦੇ ਸਮੇਂ ਵਿੱਚ ਭਾਰਤ ਆਪਣੇ ਦੋਸਤਾਂ ਦੀ ਮਦਦ ਕਰਨ ਪ੍ਰਤੀ ਵਚਨਬੱਧ ਹੈ।

ਪ੍ਰਧਾਨ ਮੰਤਰੀ ਨੇ ਪ੍ਰਧਾਨ ਮੰਤਰੀ ਜੱਗਨਾਥ ਦੀ ਅਗਵਾਈ ਹੇਠ ਮਾਰੀਸ਼ਸ ਦੁਆਰਾ COVID-19 ਨੂੰ ਦਿੱਤੇ ਗਏ ਕਾਰਗਰ ਪ੍ਰਤੀਕਰਮ ਲਈ ਉਸਦੀ ਸ਼ਲਾਘਾ ਕੀਤੀ, ਜਿਸ ਦੇ ਨਤੀਜੇ ਵਜੋਂ ਕਈ ਹਫ਼ਤਿਆਂ ਤੋਂ ਕੋਈ ਵੀ ਨਵਾਂ ਕੇਸ ਸਾਹਮਣੇ ਨਹੀਂ ਆਇਆ ਹੈ। ਉਨ੍ਹਾਂ ਨੇ ਸੁਝਾਅ ਦਿੱਤਾ ਕਿ ਮਾਰੀਸ਼ਸ ਨੂੰ ਆਪਣੀਆਂ ਸਰਬੋਤਮ ਪ੍ਰਥਾਵਾਂ ਦਾ ਦਸਤਾਵੇਜ਼ੀਕਰਣ ਕਰਨਾ ਚਾਹੀਦਾ ਹੈ, ਤਾਂ ਜੋ ਹੋਰ ਦੇਸ਼ਾਂ, ਖ਼ਾਸਕਰ ਟਾਪੂ ਦੇ ਦੇਸ਼ਾਂ ਨੂੰ, ਇਸੇ ਤਰ੍ਹਾਂ ਦੇ ਸਿਹਤ ਸੰਕਟ ਨਾਲ ਨਜਿੱਠਣ ਵਿੱਚ ਮਦਦ ਮਿਲ ਸਕੇ।

ਦੋਨਾਂ ਨੇਤਾਵਾਂ ਨੇ ਵੱਖ ਵੱਖ ਖੇਤਰਾਂ ਵਿੱਚ ਭਾਈਵਾਲੀ ਵਧਾਉਣ ਬਾਰੇ ਵਿਚਾਰ ਵਟਾਂਦਰੇ ਕੀਤੇ, ਜਿਨ੍ਹਾਂ ਵਿੱਚ ਮਾਰੀਸ਼ਸ ਦੇ ਵਿੱਤੀ ਖੇਤਰ ਵਿੱਚ ਸਹਾਇਤਾ ਦੇਣਾ ਅਤੇ ਮਾਰੀਸ਼ਸ ਦੇ ਨੌਜਵਾਨਾਂ ਨੂੰ ਆਯੁਰਵੈਦਿਕ ਸਹਿਤ ਪ੍ਰਣਾਲੀ ਦਾ ਅਧਿਐਨ ਕਰਨ ਦੇ ਯੋਗ ਬਣਾਉਣਾ ਸ਼ਾਮਲ ਹੈ।

ਪ੍ਰਧਾਨ ਮੰਤਰੀ ਨੇ ਮਾਰੀਸ਼ਸ ਦੇ ਲੋਕਾਂ ਦੀ ਸਿਹਤ ਅਤੇ ਤੰਦਰੁਸਤੀ ਅਤੇ ਦੋਵਾਂ ਦੇਸ਼ਾਂ ਦੇ ਵਿਲੱਖਣ ਨਿੱਘੇ ਸਬੰਧਾਂ ਦੇ ਕਾਇਮ ਰਹਿਣ ਲਈ ਆਪਣੀਆਂ ਸ਼ੁੱਭ ਕਾਮਨਾਵਾਂ ਦਿੱਤੀਆਂ।

ਨਵੀਂ ਦਿੱਲੀ
23 ਮਈ, 2020

DISCLAIMER: This is an approximate translation. The original is available in English on MEA's website and may be referred to as the official press release.